# ਗੁਰੂ ਨਾਨਕ – ਸਬਦ ੬੨

## ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥

## ਰਾਗੁ ਸਿਰੀਰਾਗੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੨੨

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥
ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥
ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥
ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥
ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥
ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥
ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥
ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥

ਸਾਰ: ਅਰਥ-ਭਰਪੂਰ ਸੰਵਾਦ ਵਿਚ ਰੁਝਣਾ ਇੱਕ ਬਾਗ਼ ਨੂੰ ਉਗਾਉਣ ਦੇ ਤੁਲ ਹੈ, ਜਿੱਥੇ ਸਾਰੇ ਭਾਗੀਦਾਰ - ਸਾਧਕ ਅਤੇ ਰਹਿਬਰ ਦੋਵੇਂ - ਸੂਝ-ਬੂਝ ਪੈਦਾ ਕਰਨ ਵਾਲੇ ਬੀਜ ਦੀ ਤਰ੍ਹਾਂ ਕੰਮ ਕਰਦੇ ਹਨ। ਅਨੁਭਵਾਂ ਦੀ ਸਾਂਝ ਸਚ ਦੇ ਪ੍ਰਕਾਸ਼ ਵੱਲ ਲੈ ਜਾਂਦੀ ਹੈ। ਅਸੀਂ ਖੁੱਲ੍ਹ ਦਿਲੀ ਨਾਲ ਇਹਨਾਂ ਵਿਚਾਰਾਂ ਨਾਲ ਸਾਂਝ ਪਾ ਰੂਹਾਨੀਅਤ ਦੀਆਂ ਜੜ੍ਹਾਂ ਵਧੇਰੇ ਡੂੰਘੀਆਂ ਲਗਾ ਸਕਦੇ ਹਾਂ। ਉਤਸੁਕ ਮਨ ਫਿਰ ਆਪਣੀਆਂ ਟਾਹਣੀਆਂ ਨੂੰ ਵਧੇਰੇ ਫਲਾ ਸਕਦਾ ਹੈ, ਜੋ ਬਿਬੇਕ ਨੂੰ ਵਿਗਸਣ ਦੀ ਆਗਿਆ ਦਿੰਦਾ ਹੈ। ਜਿਸ ਨਾਲ ਆਪਸੀ ਸਾਂਝ, ਵਿਕਾਸ ਅਤੇ ਰੁਪਾਂਤ੍ਰਣ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥
ਹੇ ਪਿਆਰੇ ਸਾਥੀਓ, ਸਾਰੀ ਸ੍ਰਿਸ਼ਟੀ ਦੀ ਏਕਤਾ 'ਤੇ ਵਿਚਾਰ ਕਰੋ ਅਤੇ ਅਜਿਹੇ ਬਿਬੇਕ ਦੇ ਧਾਰਨੀ ਹੋਵੋ ਜੋ ਬੁੱਧੀ ਨੂੰ ਏਕਤਾ 'ਤੇ ਵਿਚਾਰ ਪ੍ਰਗਟ ਕਰਨ ਦੇ ਸਮਰਥ ਬਣਾਉਂਦਾ ਹੈ।

ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥
ਮਨ ਦੇ ਵਿਚਾਰਾਂ ਦਾ ਮੁਲਾਂਕਣ ਸਚਾਈ ਦੀ ਕਸਵੱਟੀ ਨਾਲ ਕਰੋ, ਜੋ ਕਿ ਅੰਤਮ ਨੈਤਿਕ ਪੈਮਾਨਾ ਹੈ, ਅਤੇ ਇਹ ਜਾਂਚ ਕਰੋ ਕਿ ਕੀ ਉਹ ਪ੍ਰਮਾਣਿਕਤਾ ਦਾ ਭਾਰ ਚੁਕ ਸਕਦੇ ਹਨ।

ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥
ਪਿਆਰ ਨਾਲ ਭਰੇ ਦਿਲ ਦੀ ਅਸਲ ਕੀਮਤ ਕਿਸੇ ਕੀਮਤੀ ਦੁਰਲੱਭ ਰਤਨ ਵਾਂਗ ਨਹੀਂ ਮਾਪੀ ਜਾ ਸਕਦੀ। (੧)

ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਹੇ ਸਾਥੀਓ, ਬਿਬੇਕ ਦੁਆਰਾ ਪ੍ਰਾਪਤ ਕੀਤੇ ਧਿਆਨ ਚਿੰਤਨ ਰੂਪੀ ਖਜ਼ਾਨੇ ਦਾ ਵਾਸਾ ਹਿਰਦੇ ਵਿੱਚ ਹੁੰਦਾ ਹੈ।

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥
ਇਮਾਨਦਾਰ ਨਿਸ਼ਠਾਵਾਨ ਸਾਧਕਾਂ ਦੀ ਸੰਗਤ ਵਿੱਚ, ਉਨ੍ਹਾਂ ਦੀ ਪ੍ਰਮਾਣਿਕ ਸੂਝ-ਬੂਝ ਦਾ ਵਾਧਾ ਹੁੰਦਾ ਹੈ ਜੋ ਦਿਨ-ਰਾਤ ਅਰਥਪੂਰਨ ਰੂਹਾਨੀਅਤ ਭਰੇ ਸੰਵਾਦ ਵਿਚ ਹਿਸਾ ਲੈਂਦੇ ਹਨ। (੧)(ਠਹਿਰਾਉ)

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥
ਅਲੰਕਾਰਿਕ ਤੌਰ 'ਤੇ, ਸਚਾ ਵਪਾਰ ਅਰਥਪੂਰਨ ਵਿਚਾਰ-ਵਟਾਂਦਰੇ ਨੂੰ ਦਰਸਾਉਂਦਾ ਹੈ, ਦੌਲਤ ਦਾ ਭਾਵ ਗਿਆਨ ਪ੍ਰਾਪਤ ਕਰਨ ਤੋਂ ਹੈ, ਅਤੇ ਪੂੰਜੀ ਗੁਣਾਂ ਨੂੰ ਧਾਰਨ ਕਰਨ ਦਾ ਪ੍ਰਤੀਕ ਹੈ। ਜਦੋਂ ਇਹਨਾਂ ਨੂੰ ਸਵੀਕਾਰ ਕਰ ਵਿਵਹਾਰ ਵਿਚ ਲਿਆਂਦਾ ਜਾਂਦਾ ਹੈ, ਤਾਂ ਬਿਬੇਕ  ਪ੍ਰਾਪਤ ਹੁੰਦਾ ਹੈ, ਜੋ ਜਾਗਰੂਕਤਾ ਵਲ ਲੈ ਜਾਂਦਾ ਹੈ।

ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥

ਜਿਵੇਂ ਪਾਣੀ ਪਾਉਣ ਨਾਲ ਅੱਗ ਬੁਝ ਜਾਂਦੀ ਹੈ, ਉਸੇ ਤਰ੍ਹਾਂ ਇੱਛਾਵਾਂ ਦੀ ਪਿਆਸ ਵੀ ਤ੍ਰਿਪਤ ਹੋ ਜਾਂਦੀ ਹੈ ਅਤੇ ਮਨ ਨਿਮਰ ਅਤੇ ਸਮਰਪਿਤ ਜਨਾਂ ਦੀ ਸੇਵਾ ਕਰਨ ਵਾਲਾ ਬਣ ਜਾਂਦਾ ਹੈ।

ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥

ਜਦੋਂ ਮੌਤ ਦੇ ਡਰ 'ਤੇ ਜਿੱਤ ਪ੍ਰਾਪਤ ਕੀਤੀ ਜਾਂਦੀ ਹੈ, ਤਾਂ ਇਸ ਨਾਲ ਆਪਣੇ ਅਤੇ ਦੂਜਿਆਂ ਦੇ ਜੀਵਨ ਵਿਚੋਂ ਰੁਕਾਵਟਾਂ ਨੂੰ ਦੂਰ ਕਰਨ ਦੀ ਤਾਕਤ ਮਿਲਦੀ ਹੈ, ਜੋ ਇੱਕ ਵਿਸ਼ਾਲ, ਅਤੇ ਬਿਖਮ ਸਾਗਰ ਨੂੰ ਪਾਰ ਕਰਨ ਦੇ ਤੁਲ ਹੁੰਦੀ ਹੈ। (੨)

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥

ਰੂਹਾਨੀ ਤੌਰ 'ਤੇ ਜਾਗਰੂਕ ਵਿਛੋੜੇ ਦੇ ਝੂਠ ਦੁਆਰਾ ਭਰਮਾਏ ਨਹੀਂ ਜਾਂਦੇ। ਉਹ ਅੰਤਰਸੰਬੰਧਤਾ ਦੇ ਸਚ ਨਾਲ ਰੰਗੇ ਹੋਏ ਇਸ ਹਕੀਕਤ ਨੂੰ ਸਮਰਪਿਤ ਹੁੰਦੇ ਹਨ।

ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥

ਬੇਈਮਾਨ ਏਕਤਾ ਦੇ ਸਚ ਦਾ ਜਸ਼ਨ ਨਹੀਂ ਮਨਾਉਂਦੇ; ਉਨ੍ਹਾਂ ਦਾ ਧੋਖਾ ਫੁੱਟ ਦੀ ਝੂਠੀ ਨੀਂਹ 'ਤੇ ਉਸਰਿਆ ਹੁੰਦਾ ਹੈ।

ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥

ਜਿਹੜੇ ਲੋਕ ਇਮਾਨਦਾਰੀ ਦਾ ਮੁਜਸਮਾ ਹੁੰਦੇ ਹਨ, ਉਹ ਸਰਵ ਵਿਆਪਕਤਾ ਦੀ ਅਸਲੀਅਤ ਬਾਰੇ ਗਿਆਨ ਪ੍ਰਾਪਤ ਕਰਦੇ ਹਨ ਅਤੇ ਏਕਤਾ ਦੀ ਸਚਾਈ ਵਿਚ ਲੀਨ ਰਹਿੰਦੇ ਹਨ। (੩)

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥

ਇਕ ਮਨ ਜੋ ਚਿੰਤਨ ਨੂੰ ਇਕ ਕੀਮਤੀ ਰਤਨ ਵਜੋਂ ਸਵਿਕਾਰਦਾ ਹੈ, ਅਨਮੋਲ ਗੁਣ ਦਾ ਮੁਜਸਮਾ ਹੋ ਜਾਂਦਾ ਹੈ।

ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥
ਵਾਜਿਬ ਸੌਦਾਗਰੀ ਸਵੈ-ਪੜਚੋਲ ਦੇ ਕੀਮਤੀ ਅਭਿਆਸ ਦਾ ਪ੍ਰਤੀਕ ਹੈ, ਜੋ ਸ੍ਰਿਸ਼ਟੀ ਦੇ ਹਰ ਹਿੱਸੇ ਵਿਚ ਵਿਦਮਾਨ ਇਕ ਲਾਸਾਨੀ ਗੁਣ ਹੈ।

ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥
ਨਾਨਕ ਕਹਿੰਦੇ ਹਨ ਕਿ ਰੂਹਾਨੀ ਖੋਜੀ ਏਕਤਾ ਦਾ ਅਭਿਆਸ ਕਰਨ ਦੀ ਕਿਰਪਾ ਦੁਆਰਾ ਬਿਬੇਕ ਪ੍ਰਾਪਤ ਕਰਦੇ ਹਨ, ਜੋ ਕਿ ਅਮੁਲ ਗੁਣ ਹੈ। (੪)(੨੧)

ਤੱਤ: ਗੁਰੂ ਨਾਨਕ ਕਹਿੰਦੇ ਹਨ ਕਿ ਅਸਲ ਦੌਲਤ ਭੌਤਿਕ ਸੰਪਤੀਆਂ ਦਾ ਇਕੱਤਰ ਕਰਨਾ ਨਹੀਂ ਹੈ ਸਗੋਂ ਇਹ ਸੁਹਿਰਦ ਸਵੈ-ਚਿੰਤਨ ਵਿਚ ਰਮੀ ਹੋਈ ਹੈ – ਅਜਿਹਾ ਗੁਣ ਜੋ ਹੋਂਦ ਦੇ ਸਾਰ ਵਿਚ ਸਮਾਇਆ ਹੋਇਆ ਹੈ। ਸ਼ਾਂਤ ਚਿੰਤਨ ਵਿਚ, ਆਤਮਾ ਗੂੜ੍ਹ ਗਿਆਨ ਪ੍ਰਗਟ ਕਰਦੀ ਹੈ ਜੋ ਸੰਸਾਰਿਕ ਜੀਵਨ ਤੋਂ ਪਰੇ ਹਨ। ਇਹ ਬਿਬੇਕ ਉਨ੍ਹਾਂ ਲੋਕਾਂ ਵਿੱਚ ਪੈਦਾ ਹੁੰਦਾ ਹੈ ਜੋ ਦੈਵੀਤਵ ਦੀ ਭਾਲ ਕਰਦੇ ਹਨ, ਅਤੇ ਬ੍ਰਹਿਮੰਡੀ ਏਕਤਾ ਦਾ ਅਭਿਆਸ ਕਰਨ ਦੇ ਅਥਾਹ ਗੁਣ ਦੁਆਰਾ ਨਿਵਾਜ਼ੇ ਹੋਏ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**